ਹੋਇ ਇਕੀਸ ॥' [12] ਏਹ ਤ੍ਰੈ ਜੇੜ੍ਹੇ ਪਉੜੀਆਂ ਹਨ, ਇਨ੍ਹਾਂ ਪਉੜੀ ਦੁਵਾਰੇ ਓਹੀ ਚੜ੍ਹ ਸਕਦਾ ਹੈ, ' ਜਿਨ ਕਉ ਨਦਰਿ ਕਰਮੁ ਤਿਨ ਕਾਰ ॥' [13] । ਸਬਦ ਹਜ਼ਾਰੇ ਵਿਚ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਸਾਡੀ ਸੇਵਾ ਕਉਨ ਕਰ ਸਕਦਾ ਹੈ ਔਰ ਏਹ ਤ੍ਰੈ ਪਦ ਪਉੜੀ ਤੇ ਕਉਣ ਚੜ ਸਕਦਾ ਹੈ, ਸ੍ਰੀ ਮੁਖਵਾਕ : -

ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ ॥ [14]

ਜਿਸ ਨੂੰ ਸਤਿਗੁਰੂ ਮਹਾਰਾਜ ਨਦਰ ਕਰਨ ਓਹ ਹੀ ਸੇਵਾ ਕਰ ਸਕਦਾ ਹੈ । ਸ਼ੰਕਾਵਾਦੀ ਸਜਨੋ, ਸਚਖੰਡ ਦਰਬਾਰ ਵਿਚ ਜੋ ਕੁਛ ਮ੍ਰਿਯਾਦਾ ਰਖੀ ਗਈ ਹੈ, ਸੋ ਹੁਕਮ ਅਨੁਸਾਰ ਹੈ । ਅਉਰ ਜੋ ਭੀ ਕੁਛ ਹੋ ਰਿਹਾ, ਹੁਕਮ ਵਿਚ ਹੋ ਰਿਹਾ ਹੈ । ਆਓ, ਪ੍ਰੇਮੀ ਅਤੇ ਸ਼ਰਧਾ ਵਿਚ ਹੋ ਕੇ ਦਰਸ਼ਨ ਕਰੀਏ । ਪ੍ਰਮਾਨ ਵਜੋਂ : -

ਦਰਸਨ ਪਾ ਲੇ ਪ੍ਰੇਮੀ ਸਚਖੰਡ ਦਰਸਨ ਪਾ ।
ਜਨਮ ਮਰਨ ਦਾ ਭੇਦ ਮਿਟਾ ਲੇ ਏਕ ਬਾਰ ਚਲ ਆ ।
ਹੇਮਕੁੰਟ ਤੋਂ ਜੋਗੀ ਆਇਆ ਨਯਾ ਖੇਲ ਰਚਾ ।
ਸੁੰਦ੍ਰ ਕਲਗੀ, ਬਾਜ ਸੋਹਣਾ, ਕੰਧੇ ਧਨੁਖ ਸਜਾ ।
ਦਰਸ਼ਨ ਪਾ ਦੂਰ ਦੂਰ ਤੇ ਸੰਗਤ ਆਈ, ਅਪਨੇ ਭਾਗ ਜਗਾ ।
ਅਰਸ਼ੀ ਪ੍ਰੀਤਮ ਆਪ ਬੈਠੇ ਜਗ-ਮਗ ਜੋਤਿ ਜਗਾ ।
ਪ੍ਰੀਤਮ ਬਨਨੇ ਪਾ ਲੇ ਅੰਮ੍ਰਿਤ, ਆਵਾਗਉਣ ਮਿਟਾ ।
ਦਰਸ਼ਨ ਪਾ ਲੇ ਪ੍ਰੇਮੀ ਸਚਖੰਡ ਦਰਸ਼ਨ ਪਾ ।

---

[12] ਸ੍ਰੀ ਜਪੁ ਜੀ ਸਾਹਿਬ, ਪਉੜੀ ੩੨, ਪੰਨਾ ੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[13] ਸ੍ਰੀ ਜਪੁ ਜੀ ਸਾਹਿਬ, ਪਉੜੀ ੩੮, ਪੰਨਾ ੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[14] ਧਨਾਸਰੀ ਮਹਲਾ ੧ ਘਰੁ ੧ ਚਉਪਦੇ, ਪੰਨਾ ੬੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।